Website ਨਹੀ

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ:),ਪੰਜਾਬ
ਈ-ਬਲਾਕ, ਚੌਥੀ ਮੰਜਿਲ,ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਐਸ.ਏ.ਐਸ ਨਗਰ
(ਵਜੀਫਾ ਸ਼ਾਖਾ)

ਵੱਲ

ਸਮੂਹ ਮੰਡਲ ਸਿੱਖਿਆ ਅਫਸਰ,
ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:),
ਸਮੂਹ ਸਕੂਲ ਮੁੱਖੀ/ਪ੍ਰਿੰਸੀਪਲ

ਮੀਮੋ ਨੰ: 7/1-2017 ਵਜੀਫਾ(6)
ਮਿਤੀ: 17-07-2017

ਵਿਸ਼ਾ:- ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਸਾਲ 2017-18 ਲਈ ਨੈਸ਼ਨਲ ਸਕਾਲਰਸ਼ਿਪ ਪੋਰਟਲ(**www.scholarships.gov.in**) ਤੇ ਅਪਲਾਈ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਪੰਜਾਬ ਸਰਕਾਰ, ਭਲਾਈ ਵਿਭਾਗ ਵੱਲੋਂ ਪ੍ਰਾਪਤ ਪੱਤਰ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਆਪ ਆਪਣੇ ਜਿਲ੍ਹੇ ਦੇ ਸਰਕਾਰੀ/ਏਡਿਡ/ਮਾਨਤਾ ਪ੍ਰਾਪਤ/ਪ੍ਰਾਈਵੇਟ ਸਕੂਲ ਜ਼ੋ ਕਿਸੇ ਵੀ ਬੋਰਡ ਤੋਂ ਮਾਨਤਾ ਪ੍ਰਾਪਤ ਹੋਣ(**PSEB, CBSE, ICSE**) ਤੋਂ ਭਲਾਈ ਵਿਭਾਗ ਵੱਲੋਂ ਲਾਗੂ ਕੀਤੀ ਜਾ ਰਹੀ, ਘੱਟ ਗਿਣਤੀ ਵਰਗ(ਸਿੱਖ, ਮੁਸਲਿਮ, ਇਸਾਈ, ਬੋਧੀ, ਪਾਰਸੀ ਅਤੇ ਜੈਨ) ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ ਪਹਿਲੀ ਤੋਂ ਦਸਵੀਂ ਜਮਾਤ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੀ ਵਿਦਿਅਕ ਸੈਸ਼ਨ 2017-18 ਲਈ ਤਜਵੀਜ ਨਾਲ ਨੱਥੀ ਹਦਾਇਤਾਂ ਅਨੁਸਾਰ ਹੇਠ ਲਿਖੇ ਸ਼ਡਿਊਲ ਅਨੁਸਾਰ ਆਨ-ਲਾਈਨ ਨੈਸ਼ਨਲ ਸਕਾਲਰਸ਼ਿਪ ਪੋਰਟਲ ਤੇ ਭੇਜੀਆਂ ਜਾਣ।

**Last Date for Renewal Applications- 31.07.2017**
**Last Date for New Applications- 31.08.2017**

ਨੋਟ:-

1. ਨੈਸ਼ਨਲ ਸਕਾਲਰਸ਼ਿਪ ਪੋਰਟਲ ਤੇ ਸਾਲ 2016-17 ਦੌਰਾਨ ਜ਼ੋ **login-id** ਮੁਹੱਈਆ ਕਰਵਾਇਆ ਗਿਆ ਸੀ, ਉਸੇ **login-id** ਤੋਂ ਹੀ ਮੁੜ ਤੋਂ ਇਸ ਸਾਲ 2017-18 ਦੌਰਾਨ ਪ੍ਰੀ-ਮੈਟ੍ਰਿਕ ਅਤੇ ਪੋਸਟ ਮੈਟ੍ਰਿਕ ਮਨਿਓਰਿਟੀ ਸਕਾਲਰਸ਼ਿਪ ਸਕੀਮ ਲਈ ਅਪਲਾਈ ਕਰਨਾ ਹੈ। ਜੇਕਰ ਕਿਸੇ ਸਕੂਲ ਦੀ **login-id portal** ਤੇ ਕੰਮ ਨਹੀਂ ਕਰ ਰਹੀ ਹੈ, ਤਾਂ ਉਸ ਦਾ **Password Reset** ਕਰਵਾਉਣ ਲਈ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:) ਦੇ ਦਫਤਰ ਵਿਖੇ ਸੰਪਰਕ ਕੀਤਾ ਜਾਵੇ।

2. **Application format** ਅਤੇ ਹੋਰ ਸਬੰਧਤ ਜਾਣਕਾਰੀ ਲਈ:-

   **Queries/Clarification** ਲਈ ਵੈਬਸਾਈਟ **www.minorityaffairs.gov.in** ਅਤੇ

   ਨਵੀਆਂ ਰਜਿਸਟ੍ਰੇਸ਼ਨਜ ਲਈ ਈ-ਮੇਲ ਆਈ.ਡੀ **pmsminorityaffairspunjab@gmail.com**

   ਜਾਂ **TOLL FREE NUMBER- 1800-137-0015** ਤੇ ਸੰਪਰਕ ਕੀਤਾ ਜਾਵੇ।

ਨੱਥੀ: ਸਕੀਮ ਦੀਆਂ ਹਦਾਇਤਾਂ

17/7/17

ਵਿਸ਼ੇਸ਼ ਕਾਰਜ ਅਫਸਰ(ਵਜੀਫਾ)

ਪੰਜਾਬ ਸਰਕਾਰ, ਭਲਾਈ ਵਿਭਾਗ,

(ਡਾਇਰੈਕਟੋਰੇਟ, ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ, ਭਲਾਈ ਵਿਭਾਗ)

ਐਸ.ਸੀ.ਓ. ਨੰਬਰ:148-49, ਸੈਕਟਰ: 34-ਏ, ਚੰਡੀਗੜ੍ਹ।

ਕੈਪਟਨ ਅਮਰਿੰਦਰ ਸਿੰਘ,

ਮੁੱਖ ਮੰਤਰੀ

ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਡਿਮਾਂਡ ਸਬੰਧੀ - 2017-18

ਆਖਰੀ ਮਿਤੀ: 31.08.2017 (ਨਵੀਂ ਦਰਖਾਸਤਾਂ ਵਾਸਤੇ)

ਆਖਰੀ ਮਿਤੀ: 31.07.2017 (ਰਿਨਿਊਲ ਦਰਖਾਸਤਾਂ ਵਾਸਤੇ)

ਪੰਜਾਬ ਸਕੂਲ ਸਿੱਖਿਆ ਬੋਰਡ, ਸੀ.ਬੀ.ਐਸ.ਈ. ਆਈ.ਸੀ.ਐਸ.ਈ. ਨਾਲ ਐਫੀਲੀਏਟਡ ਸਰਕਾਰੀ/ਮਾਨਤਾ ਪ੍ਰਾਪਤ/ਪ੍ਰਾਈਵੇਟ ਸਕੂਲਾਂ/ਸੰਸਥਾਵਾਂ ਪਾਸੋਂ ਘੱਟ ਗਿਣਤੀ ਵਰਗ (ਸਿੱਖ, ਮੁਸਲਿਮ, ਇਸਾਈ, ਬੋਧੀ, ਪਾਰਸੀ ਅਤੇ ਜੈਨ) ਨਾਲ ਸਬੰਧਤ ਵਿਦਿਅਕ ਸ਼ੈਸ਼ਨ 2017-18 ਦੌਰਾਨ ਪਹਿਲੀ ਤੋਂ ਦਸਵੀਂ ਕਲਾਸ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਤਜਵੀਜਾਂ ਮੰਗੀਆਂ ਜਾਂਦੀਆਂ ਹਨ। ਪਹਿਲੀ ਤੋਂ ਦਸਵੀਂ ਕਲਾਸਾਂ ਦੇ ਵਿਦਿਆਰਥੀ ਸਕਾਲਰਸ਼ਿਪ ਪੋਰਟਲ www.scholarships.gov.in. ਤੇ ਆਨ-ਲਾਈਨ ਅਪਲਾਈ ਕਰਨਗੇ। ਆਫਲਾਇਨ ਦਰਖਾਸਤ ਸਵੀਕਾਰ ਨਹੀਂ ਕੀਤੀ ਜਾਵੇਗੀ।

**ਸਕਾਲਰਸ਼ਿਪ ਦੇਣ ਸਬੰਧੀ ਯੋਗਤਾ ਦਾ ਮਾਪ-ਦੰਡ/ਸ਼ਰਤਾਂ**

ੳ) ਵਿਦਿਆਰਥੀ ਨੇ ਪੂਰਵਲੀ ਪ੍ਰੀਖਿਆ ਵਿੱਚ ਘੱਟ ਤੋਂ ਘੱਟ 50% ਨੰਬਰ ਪ੍ਰਾਪਤ ਕੀਤੇ ਹੋਣ;

ਅ) ਵਿਦਿਆਰਥੀ ਦੇ ਮਾਪਿਆਂ ਦੀ ਸਲਾਨਾ ਆਮਦਨ ਇੱਕ ਲੱਖ ਰੁਪਏ ਤੋਂ ਵੱਧ ਨਾ ਹੋਵੇ;

ੲ) ਇਸ ਸਕੀਮ ਅਧੀਨ ਸਕਾਲਰਸ਼ਿਪ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਪੰਜਾਬ ਸਰਕਾਰ ਜਾਂ ਭਾਰਤ ਸਰਕਾਰ ਦੀ ਕਿਸੇ ਵੀ ਹੋਰ ਸਕੀਮ ਅਧੀਨ ਅਜਿਹਾ ਲਾਭ ਪ੍ਰਾਪਤ ਨਹੀਂ ਕਰੇਗਾ;

ਸ) ਇੱਕ ਪਰਵਾਰ ਦੇ ਦੋ ਤੋਂ ਵੱਧ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਨਹੀਂ ਦਿੱਤਾ ਜਾਵੇਗਾ;

ਹ) ਵਿਦਿਆਰਥੀ ਦੇ ਮਾਪੇ ਪੰਜਾਬ ਰਾਜ ਦੇ ਵਸਨੀਕ ਹੋਣ;

ਕ) ਵਿਦਿਆਰਥੀ ਰੈਗੂਲਰ ਤੌਰ ਤੇ ਪੜ੍ਹ ਰਿਹਾ ਹੋਵੇ।

**ਸਕਾਲਰਸ਼ਿਪ ਦੇ ਰੇਟ**

| ਲੜੀ ਨੰ: | | ਹੋਸਟਲਰ ਲਈ ਵਜ਼ੀਫਾ | ਡੇ-ਸਕਾਲਰ ਲਈ ਵਜ਼ੀਫਾ |
|---|---|---|---|
| 1. | 6ਵੀਂ ਤੋਂ ਦਸਵੀਂ ਕਲਾਸਾਂ ਵਾਸਤੇ ਦਾਖਲਾ ਫੀਸ | ਅਸਲ ਜਾਂ ਵੱਧ ਤੋਂ ਵੱਧ 500/- ਰੁਪਏ ਸਲਾਨਾ | ਅਸਲ ਜਾਂ ਵੱਧ ਤੋਂ ਵੱਧ 500/- ਰੁਪਏ ਸਲਾਨਾ |
| 2. | 6ਵੀਂ ਤੋਂ ਦਸਵੀਂ ਕਲਾਸਾਂ ਵਾਸਤੇ ਟਿਊਸ਼ਨ ਫੀਸ | ਅਸਲ ਜਾਂ ਵੱਧ ਤੋਂ ਵੱਧ 350/- ਰੁਪਏ ਪ੍ਰਤੀ ਮਹੀਨਾ | ਅਸਲ ਜਾਂ ਵੱਧ ਤੋਂ ਵੱਧ 350/- ਰੁਪਏ ਪ੍ਰਤੀ ਮਹੀਨਾ |
| 3. | ਮੇਨਟੇਨੈਂਸ ਅਲਾਊਂਸ (ਸਕਾਲਰਸ਼ਿਪ) ਇੱਕ ਵਿਦਿਅਕ ਸ਼ੈਸ਼ਨ ਵਿੱਚ ਵੱਧ ਤੋਂ ਵੱਧ 10 ਮਹੀਨਿਆਂ ਲਈ ਮਿਲੇਗਾ | | |
| | ਂ) ਪਹਿਲੀ ਤੋਂ ਪੰਜਵੀਂ ਕਲਾਸ | -ਨਿੱਲ- | 100/- ਰੁਪਏ ਪ੍ਰਤੀ ਮਹੀਨਾ |
| | ਂਂ) ਛੇਵੀਂ ਤੋਂ ਦਸਵੀਂ ਕਲਾਸ | ਅਸਲ ਜਾਂ ਵੱਧ ਤੋਂ ਵੱਧ ਤੋਂ 600/- ਰੁਪਏ ਪ੍ਰਤੀ ਮਹੀਨਾ | 100/- ਰੁਪਏ ਪ੍ਰਤੀ ਮਹੀਨਾ |

ਸਕੂਲ/ਸੰਸਥਾ ਦਾ ਮੁਖੀ ਵਿਦਿਆਰਥੀ ਦੀ ਯੋਗਤਾ ਤਸਦੀਕ ਕਰੇਗਾ। ਇਹ ਵੀ ਤਸਦੀਕ ਕਰਨਗੇ ਕਿ ਸਿਫ਼ਾਰਸ਼ ਕੀਤੇ ਵਿਦਿਆਰਥੀ, ਨਾਰਮ ਮੁਤਾਬਿਕ, ਯੋਗ ਹਨ ਅਤੇ ਕੋਈ ਵੀ ਯੋਗ ਵਿਦਿਆਰਥੀ ਛੱਡਿਆ ਨਹੀਂ ਗਿਆ।

ਨੋਟ:-

1) ਗਜਟ ਨੋਟੀਫਿਕੇਸ਼ਨ - ਐਸ.ਓ. 1284 (ਈ) (ਨੰ. 1137) ਮਿਤੀ 21.04.2017 ਅਨੁਸਾਰ ਯੋਗ ਉਮੀਦਵਾਰਾਂ ਨੂੰ ਆਧਾਰ ਨੰਬਰ ਭਰਨਾ ਜਰੂਰੀ ਹੈ ਅਤੇ ਅਧਾਰ ਨੰਬਰ ਨਾ ਹੋਣ ਦੀ ਸੂਰਤ ਵਿੱਚ ਵਿਕਲਪਿਕ ਪਛਾਣ ਪੱਤਰ ਦਸਤਾਵੇਜ ਦਾ ਵੇਰਵਾ ਦਿੱਤਾ ਜਾਣਾ ਜਰੂਰੀ ਹੈ।

2) 18 ਸਾਲ ਤੱਕ ਦੀ ਉਮਰ ਦੇ ਵਿਦਿਆਰਥੀ ਦਾ ਬੈਂਕ ਖਾਤਾ ਉਸ ਦੇ ਮਾਪਿਆਂ/ਸਰਪ੍ਰਸਤ ਨਾਲ ਸਾਂਝਾ ਹੋਵੇਗਾ। ਭਾਰਤ ਸਰਕਾਰ ਵੱਲੋਂ ਸਕਾਲਰਸ਼ਿਪ ਦੀ ਰਕਮ ਸਿੱਧੀ ਵਿਦਿਆਰਥੀ ਦੇ ਬੈਂਕ ਖਾਤੇ ਵਿੱਚ ਡਰੈਕਟ ਬੈਨੀਫਿਟ ਟ੍ਰਾਂਸਫਰ (ਡੀ.ਬੀ.ਟੀ.) ਮੋਡ ਰਾਹੀਂ ਵੰਡੀ ਜਾਣੀ ਹੈ।

3) ਵਿਦਿਆਰਥੀਆਂ/ ਮਾਪਿਆਂ/ ਸੰਸਥਾਵਾਂ ਵੱਲੋਂ ਸਿੱਧਿਆਂ ਭੇਜੀਆਂ ਦਰਖਾਸਤਾਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ, ਅਤੇ ਰੱਦ ਕਰ ਦਿੱਤੀਆਂ ਜਾਣਗੀਆਂ।

4) ਵਿਦਿਆਰਥੀ/ਸੰਸਥਾਵਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਆਨਲਾਇਨ ਅਪਲਾਈ ਕਰਨ ਤੋਂ ਪਹਿਲਾਂ ਅਤੇ ਸੰਸਥਾਵਾਂ ਵੱਲੋਂ ਸਕਰੂਟਨੀ ਕਰਨ ਤੋਂ ਪਹਿਲਾਂ ਐਫ.ਏ.ਕਿਊ ਅਤੇ ਸੰਸਥਾਵਾਂ ਲਈ ਜਾਣਕਾਰੀ ਵੈਬੱਸਾਇਟ ਦੇ ਹੋਮਪੇਜ ਤੇ ਮੋਜੂਦ ਹੈ, ਉਸਨੂੰ ਪੜ ਲਿਆ ਜਾਵੇ।

ਵਧੇਰੇ ਜਾਣਕਾਰੀ ਅਤੇ ਐਪਲੀਕੇਸ਼ਨ ਫਾਰਮ ਡਾਊਨ-ਲੋਡ ਕਰਨ ਵਾਸਤੇ:- ਕਿਊਰੀਜ/ਕਲੈਰੀਫਿਕੇਸ਼ਨ ਲਈ ਵੈਬ-ਸਾਈਟ www.minorityaffairs.gov.in. ਅਤੇ ਨਵੀਆਂ ਰਜਿਸਟ੍ਰੇਸ਼ਨਜ ਲਈ ਈ-ਮੇਲ ਆਈ.ਡੀ. pmsminorityaffairspunjab@gmail.com ਜਾਂ ਟੋਲ ਫਰੀ ਨੰ: 1800-137-0015 ਤੇ ਸੰਪਰਕ ਕੀਤਾ ਜਾ ਸਕਦਾ ਹੈ।